5

OFFICE ORDER OF VIGILANCE DEPARTMENT DATED 10.02.2015 CIRCULATED VIDE OFFICE ORDER DATED 30.03.2015.

Page - 1

35

# ਪੰਜਾਬ ਸਰਕਾਰ ਲਘੂ ਉਦਯੋਗ ਅੰਤੇ ਨਿਰਆਤ ਨਿਗਮ, ਚੰਡੀਗੜ੍ਹ

## ਦਫਤਰੀ ਹੁਕਮ

ਪੰਜਾਬ ਸਰਕਾਰ, ਚੌਕਸੀ ਵਿਭਾਗ (ਬੱਜਟ ਅਤੇ ਅਮਲਾ ਸ਼ਾਖਾ) ਦੇ ਪੱਤਰ ਨੰ:19/5/2012-3ਬਅ/411624/1 ਮਿਤੀ 10.02.2015 ਲੇਖਾ ਅਫਸਰ (ਲੈਜਰ) ਨੂੰ ਮੁਖ ਰਖਦੇ ਹੋਏ ਸੁਪਰਡੰਟ, ਪੰਜਾਬ ਸਰਕਾਰ, ਉਦਯੋਗ ਤੇ ਕਮਰਸ ਵਿਭਾਗ (ਉਦਯੋਗ ਸ਼ਾਖਾ) ਵਲੋਂ ਪਤਰ ਮੀਮੋ ਨੰ.: IC/SA4/2015/E135/420414/3 ਮਿਤੀ 23.02.2015 ਰਾਹੀਂ ਨਿਮਨਲਿੱਖਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਦੇ ਹੁਕਮ ਜਾਰੀ ਕੀਤੇ ਹਨ :-

- ਜੇਕਰ ਕੋਈ ਸਰਕਾਰੀ ਕਰਮਚਾਰੀ ਰਿਸ਼ਵਤ ਮੰਗਦਾ ਹੈ, ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ ਜਾਂ ਸਰਕਾਰੀ ਕੰਮ ਵਿੱਚ ਘਪਲੇਬਾਜੀ ਕਰਦਾ ਹੈ ਤਾਂ ਇਸ ਸਬੰਧੀ ਸੂਚਨਾਂ ਵਿਜੀਲੈਂਸ ਬਿਊਰੋ, ਪੰਜਾਬ ਦੇ ਟੋਲ ਫਰੀ ਨੰਬਰ 1800-1800-1000 ਅਤੇ ਵੈਬਸਾਇਟ **www.vigilancebureaupunjab.org** ਤੇ ਦਿੱਤੀ ਜਾ ਸਕਦੀ ਹੈ। ਕਿਸੇ ਕੁਰੱਪਟ ਸਰਕਾਰੀ ਕਰਮਚਾਰੀ ਜਾਂ ਕਿਸੇ ਵੱਲੋਂ ਵੀ ਕੀਤੀ ਜਾਂਦੀ ਕੁਰੱਪਸ਼ਨ ਸਬੰਧੀ ਵਿਜੀਲੈਂਸ ਬਿਊਰੋ ਨੂੰ ਸੂਚਨਾਂ ਦੇਣ ਲਈ ਬੀ.ਐਸ.ਐਨ.ਐਲ ਦਾ ਟੋਲ ਫਰੀ ਟੈਲੀਫੋਨ ਨੰਬਰ 1800-1800-1000 ਤੇ ਵੀ ਦਿੱਤੀ ਜਾ ਸਕਦੀ ਹੈ।

- ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸੜਕਾਂ, ਬਿਲਡਿੰਗਾਂ ਅਤੇ ਹੋਰ ਵਿਕਾਸ ਦੇ ਕਾਰਜਾਂ ਤੇ ਕਰੋੜਾਂ ਰੁਪਏ ਦੇ ਪ੍ਰੋਜੈਕਟ ਚਲਾਏ ਜਾ ਰਹੇ ਹਨ, ਜਿਥੇ ਸਬੰਧਿਤ ਪ੍ਰਾਜੈਕਟ ਸਬੰਧੀ ਬੋਰਡ ਲਗਾਕੇ ਜਾਣਕਾਰੀ ਦਿੱਤੀ ਜਾਂਦੀ ਹੈ, ਜਿਸ ਵਿੱਚ ਕੰਮ ਦਾ ਨਾਮ, ਕੰਮ ਸ਼ੁਰੂ ਕਰਨ ਦੀ ਮਿਤੀ, ਕੰਮ ਦੀ ਮਿਆਦ, ਕਾਰਜਕਾਰੀ ਇੰਜੀਨੀਅਰ, ਉਪ ਮੰਡਲ ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ ਦਾ ਮੋਬਾਈਲ ਨੰਬਰ ਅਤੇ ਕੰਮ ਕਰਨ ਵਾਲੀ ਏਜੰਸੀ ਦਾ ਨਾਮ ਦਰਸ਼ਾਇਆ ਜਾਂਦਾ ਹੈ। ਸਰਕਾਰ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਇਸ ਸੂਚਨਾਂ ਦੇ ਨਾਲ ਹੀ ਉਕਤ ਬੋਰਡਾਂ ਤੇ ਚੌਕਸੀ ਬਿਊਰੋ, ਪੰਜਾਬ ਦੀ ਵੈਬਸਾਈਟ ਅਤੇ ਟੋਲ ਫਰੀ ਟੈਲੀਫੋਨ ਨੰਬਰ ਵੀ ਲਿਖਿਆ ਜਾਇਆ ਕਰੇ।

ਪ੍ਰਬੰਧਕ ਨਿਰਦੇਸ਼ਕ

ਪਿਠਅੰਕਣ ਨ. ਪੰਲਨਿਨਿ/ਪ੍ਰਸੋਨਲ/ਸ-6/ 3023-3027 ਮਿਤੀ : 30/3/15

ਉਪਰੋਕਤ ਦੀ ਕਾਪੀ ਹੇਠ ਲਿਖੇ ਅਧਿਕਾਰੀਆਂ ਨੂੰ ਸੂਚਨਾ ਅਤੇ ਜਰੂਰੀ ਕਦਮ ਚੁੱਕਣ ਲਈ ਭੇਜੀ ਜਾਂਦੀ ਹੈ ਜੀ :-

1. ਸਮੂਹ ਮੁਖੀ
2. ਐਸ.ਈ - I &II
3. ਸਮੂਹ ਅਫਸਰ (ਖੇਤਰੀ ਦਫਤਰ)
4. ਪੀ.ਐਸ/ਐਮ.ਡੀ

(ਗੁਰਦੀਪ ਸਿੰਘ)
ਸੀ.ਉਪ ਮਹਾਂ ਪ੍ਰਬੰਧਕ (ਪ੍ਰਸੋਨਲ)

O/C